# ਚੋਣਾਂ ਦਾ ਅਖਾੜਾ ਗਰਮ

ਹਿੰਦੁਸਤਾਨ ਦੇ ਪੰਜ ਸੂਬਿਆਂ ਵਿਚ ਅਗਲੇ ਦੋ ਮਹੀਨਿਆਂ ਵਿਚ ਚੋਣਾਂ ਕਰਾਏ ਜਾਣ ਦਾ ਐਲਾਨ ਕਰ ਦਿਤਾ ਗਿਆ ਹੈ ਅਤੇ ਚੋਣ ਕਮਿਸ਼ਨ ਇਨ੍ਹਾਂ ਚੋਣਾਂ ਲਈ ਆਪਣਾ ਲਾਮ ਲਸ਼ਕਰ ਤਿਆਰ ਕਰ ਰਿਹਾ ਹੈ। ਚੋਣਾਂ ਬਾਰੇ ਕਾਇਦੇ ਕਾਨੂੰਨ ਅਤੇ ਹਿਦਾਇਤਾਂ ਦਾ ਵੀ ਐਲਾਨ ਕਰ ਦਿਤਾ ਗਿਆ ਹੈ ਜਿਸ ਨਾਲ ਕੁਝ ਸਿਆਸੀ ਲੀਡਰਾਂ ਨੂੰ ਮੁਸ਼ਕਲਾਂ ਆ ਰਹੀਆਂ ਹਨ। ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਇਸ ਬਾਰੇ ਨੁਕਤਾਚੀਨੀ ਵੀ ਕੀਤੀ ਹੈ। ਉਸਦਾ ਕਹਿਣਾ ਹੈ ਕਿ ਇਨ੍ਹਾਂ ਕਾਇਦੇ ਕਾਨੂੰਨਾਂ ਨਾਲ ਸਰਕਾਰ ਬੇਕਾਰ ਹੋ ਜਾਵੇਗੀ ਅਤੇ ਚੋਣਾਂ ਤੀਕ ਕੋਈ ਵੀ ਕੰਮ ਨਹੀਂ ਕਰ ਸਕੇਗੀ। ਚੋਣ ਕਮਿਸ਼ਨ ਨੇ ਜਵਾਬ ਵਿਚ ਕਿਹਾ ਹੈ ਕਿ ਸਾਨੂੰ ਆਪਣੀ ਜ਼ਿੰਮੇਵਾਰੀ ਦਾ ਪਤਾ ਹੈ ਅਤੇ ਇਹ ਕਾਇਦੇ ਕਾਨੂੰਨ ਇਸ ਕਰਕੇ ਹੀ ਲਾਏ ਗਏ ਹਨ ਇਹ ਜ਼ੁੰਮੇਵਾਰੀ ਚੰਗੀ ਤਰ੍ਹਾਂ ਨਿਭਾਈ ਜਾ ਸਕੇ।

ਸਿਆਸੀ ਪੰਡਤ ਕਿਆਸ ਲਾ ਰਹੇ ਹਨ ਕਿ ਪੰਜਾਬ ਵਿਚ ਅਕਾਲੀ ਪਾਰਟੀ ਦੀ ਹਾਰ ਹੋਵੇਗੀ ਕਿਉਂਕਿ ਲੋਕ ਉਨ੍ਹਾਂ ਤੋਂ ਬਹੁਤ ਦੁਖੀ ਹਨ ਕਿਉਂਕਿ ਬਾਦਲ ਸਰਕਾਰ ਨੇ ਆਪਣੇ ਪਰਿਵਾਰ ਦੀਆਂ ਜੇਬਾਂ ਭਰਨ ਦੇ ਇਲਾਵਾ ਹੋਰ ਕੁਝ ਵੀ ਨਹੀਂ ਕੀਤਾ ਹੈ। ਕਿਹਾ ਜਾਂਦਾ ਹੈ ਕਿ ਮਨਪ੍ਰੀਤ ਬਾਦਲ ਦੀ ਪਾਰਟੀ ਵੀ ਅਕਾਲੀ ਪਾਰਟੀ ਨੂੰ ਨੁਕਸਾਨ ਪਹੁੰਚਾਏਗੀ। ਅੰਦਾਜ਼ੇ ਹਨ ਕਿ ਇਨ੍ਹਾਂ ਚੋਣਾਂ ਬਾਅਦ ਪੰਜਾਬ ਵਿਚ ਕਾਂਗਰਸ ਦੀ ਸਰਕਾਰ ਬਣੇਗੀ।

ਪਰ ਸਾਰਿਆਂ ਨਾਲੋਂ ਅਹਿਮ ਚੋਣ ਯੂ.ਪੀ. ਦੀ ਦੱਸੀ ਜਾਂਦੀ ਹੈ ਜਿਥੇ ਰਾਹੁਲ ਗਾਂਧੀ ਅਤੇ ਕਾਂਗਰਸ ਪਾਰਟੀ ਨੇ ਇਸ ਬਾਰ ਮਾਇਆਵਤੀ ਦੀ ਬੀ.ਐਸ.ਪੀ. ਨੂੰ ਢਾਉਣ ਲਈ ਸਾਰਾ ਜ਼ੋਰ ਲਾਇਆ ਹੋਇਆ ਹੈ। ਉਨ੍ਹਾਂ ਨੇ ਯੂ.ਪੀ ਵਿਚ ਮਾਇਆਵਤੀ ਦੀਆਂ ਮੁਖ਼ਾਲਫ਼ ਪਾਰਟੀਆਂ ਨਾਲ ਵੀ ਜੋੜ-ਤੋੜ ਕਰ ਲਿਆ ਹੈ। ਮਾਇਆਵਤੀ ਨੇ ਚਾਰ ਪੰਜ ਮੰਤਰੀਆਂ ਨੂੰ ਬੇਈਮਾਨੀ ਅਤੇ ਭ੍ਰਿਸ਼ਟਾਚਾਰ ਦੇ ਦੋਸ਼ ਵਿਚ ਸਰਕਾਰ ਅਤੇ ਪਾਰਟੀ ਵਿਚੋਂ ਕੱਢ ਦਿਤਾ ਹੈ ਅਤੇ ਉਨ੍ਹਾਂ ਵਿਚੋਂ ਕੁਝ ਨੂੰ ਬੀ.ਜੇ.ਪੀ ਨੇ ਚੋਣਾਂ ਵਿਚ ਖੜਨ ਲਈ ਟਿਕਟ ਦੇ ਦਿਤੇ ਹਨ।

ਸਾਰੀਆਂ ਹੀ ਪਾਰਟੀਆਂ ਬੇਈਮਾਨੀ ਅਤੇ ਭ੍ਰਿਸ਼ਟਾਚਾਰ ਖ਼ਿਲਾਫ਼ ਰੌਲਾ ਪਾ ਰਹੀਆਂ ਹਨ ਅਤੇ ਸਾਰੀਆਂ ਹੀ ਪਾਰਟੀਆਂ ਦੇ ਕਈ ਮੰਤਰੀਆਂ ਖ਼ਿਲਾਫ਼ ਬੇਈਮਾਨੀ ਅਤੇ ਭ੍ਰਿਸ਼ਟਾਚਾਰ ਦੇ ਕੇਸ ਵੀ ਚਲ ਰਹੇ ਹਨ। ਮਿਸਾਲ ਦੇ ਤੌਰ ਤੇ ਉੱਤਰਾਖੰਡ ਵਿਚ ਬੀ.ਜੇ.ਪੀ ਨੇ ਆਪਣਾ ਮੁੱਖ ਮੰਤਰੀ ਬਦਲ ਦਿਤਾ ਕਿਉਂਕਿ ਸਾਬਕਾ ਮੁੱਖ ਮੰਤਰੀ ਨਿਸ਼ੰਕ ਬੇਈਮਾਨੀ ਦੇ ਇਲਜ਼ਾਮਾਂ ਵਿਚ ਬਹੁਤ ਬਦਨਾਮ ਹੋ ਚੁੱਕਿਆ ਸੀ ਅਤੇ ਬੀ.ਜੇ.ਪੀ ਨੂੰ ਇਸ ਤਰ੍ਹਾਂ ਲਗਦਾ ਸੀ ਕਿ ਨਿਸ਼ੰਕ ਦੇ ਮੁੱਖ ਮੰਤਰੀ ਰਹਿੰਦੇ ਹੋਏ ਉਹ ਚੋਣਾਂ ਹਾਰ ਜਾਵੇਗੀ। ਇਸੇ ਤਰ੍ਹਾਂ ਦੇ ਦਾਅ ਪੇਚ ਸਿਆਸੀ ਪਾਰਟੀਆਂ ਮਨੀਪੁਰ ਅਤੇ ਗੋਆ ਵਿਚ ਵੀ ਚਲਾ ਰਹੀਆਂ ਹੈ।

ਲੋਕ ਇਨ੍ਹਾਂ ਚੋਣਾਂ ਤੋਂ ਕੋਈ ਆਸ ਨਹੀਂ ਰਖਦੇ। ਲੋਕਾਂ ਵਿਚ ਇਕ ਗੱਲ ਬਾਰੇ ਆਮ ਸਹਿਮਤੀ ਹੈ ਕਿ ਇਨ੍ਹਾਂ ਚੋਣਾਂ ਨਾਲ ਉਨ੍ਹਾਂ ਦੇ ਮਸਲਿਆਂ ਨੂੰ ਕੋਈ ਫਰਕ ਨਹੀਂ ਪੈਣਾ। ਉਹ ਕਹਿੰਦੇ ਹਨ ਕਿ ਭਾਵੇ ਕੋਈ ਵੀ ਸਿਆਸੀ ਪਾਰਟੀ ਤਾਕਤ ਵਿਚ ਆ ਜਾਵੇ ਇਨ੍ਹਾਂ ਨੇ ਲੋਕਾਂ ਦਾ ਕੁਝ ਨਹੀਂ ਸੁਆਰਨਾ, ਹਾਂ, ਕੁਝ ਦਿਨ ਰੌਲਾ ਗੌਲਾ ਤੇ ਤਮਾਸ਼ਾ ਜ਼ਰੂਰ ਚਲਦਾ ਰਹੇਗਾ। ਲੋਕਾਂ ਨੇ ਪਿਛਲੇ ੬੫ ਸਾਲਾਂ ਦੇ ਤਜਰਬੇ ਤੋਂ ਤੱਤ ਕੱਢ ਲਏ ਹਨ ਅਤੇ ਉਹ ਕਹਿੰਦੇ ਹਨ ਕਿ ਭਾਵੇ ਕਿਸੇ ਵੀ ਪਾਰਟੀ ਦੀ ਸਰਕਾਰ ਬਣੇ ਉਨ੍ਹਾਂ ਦੇ ਬੁਨਿਆਦੀ ਮਸਲੇ ਤਾਂ ਹੱਲ ਨਹੀਂ ਹੋਣੇ। ਲੋਕ ਜਾਣਦੇ ਹਨ ਕਿ ਸਿਆਸੀ ਪਾਰਟੀਆਂ ਚੋਣਾਂ ਵਿਚ ਹਰ ਤਰਾਂ ਦੇ ਵਾਅਦੇ ਕਰਦੀਆਂ ਹਨ ਪਰ ਪਰਨਾਲਾ ਉਥੇ ਹੀ ਰਹਿੰਦਾ ਹੈ। ਲੋਕਾਂ ਦੇ ਰੁਜ਼ਗਾਰ, ਗੁਰਬਤ, ਤਾਲੀਮ ਅਤੇ ਸਿਹਤ ਦੇ ਮਸਲੇ ਹਨ ਨਹੀਂ ਹੁੰਦੇ। ਉਹ ਆਪਣੇ ਮਸਲਿਆਂ ਦੇ ਹੱਲ ਭਾਲਦੇ ਹਨ। ਇਸ ਲਈ ਉਹ ਨਵੇਂ ਰਾਹ ਅਤੇ ਤਰੀਕੇ ਲੱਭ ਰਹੇ ਹਨ।

ਜ਼ਾਹਰ ਹੈ ਕਿ ਲਿਬਰਲ ਜਮਹੂਰੀਅਤ ਲੋਕਾਂ ਦੇ ਮਸਲੇ ਹੱਲ ਕਰ ਹੀ ਨਹੀਂ ਸਕਦੀ ਕਿਉਂਕਿ ਲਿਬਰਲ ਜਮਹੂਰੀਅਤ ਦਾ ਸਿਸਟਮ ਲੋਕਾਂ ਦੇ ਮਸਲੇ ਹੱਲ ਕਰਨ ਲਈ ਬਣਿਆ ਹੀ ਨਹੀਂ ਸੀ। ਇਸ ਸਿਸਟਮ ਅੰਦਰ ਲੋਕਾਂ ਦੇ ਮਸਲੇ ਹੱਲ ਕਰਨ ਦੀ ਕੋਈ ਸਮਰੱਥਾ ਜਾਂ ਦਿਲਚਸਪੀ ਨਹੀਂ ਹੈ। ਇਸ ਸਿਸਟਮ ਵਿਚ ਚੋਣਾਂ ਰਾਹੀਂ ਹਾਕਮ ਜਮਾਤਾਂ ਲੋਕਾਂ ਤੋਂ ਉਨ੍ਹਾਂ ਦੀ ਤਾਕਤ ਖੋਹ ਲੈਂਦੀਆਂ ਹਨ ਅਤੇ ਰਾਜ ਕੁਰਸੀ ਤੇ ਕਾਬਜ਼ ਹੋਕੇ ਮਨਮਰਜ਼ੀ ਕਰਦੀਆਂ ਹਨ। ਹਾਕਮ ਟੋਲਾ ਅਤੇ ਉਨ੍ਹਾਂ ਦੀ ਪਾਰਟੀਆਂ ਰਿਆਸਤ ਅਤੇ ਖ਼ਜ਼ਾਨੇ ਉੱਤੇ ਕੰਟਰੋਲ ਲਈ ਇਕ ਦੂਜੇ ਨਾਲ ਕੁੱਤਿਆਂ ਵਾਂਗ ਲੜਦੇ ਵੀ ਹਨ ਅਤੇ ਕਈ ਵਾਰ ਇਕ ਦੂਜੇ ਦੇ ਕਤਲ ਵੀ ਕਰ ਦਿੰਦੇ ਹਨ। ਪਰ ਇਹ ਸਭ ਆਪਣਾ ਰਾਜ ਚਲਾਉਣ ਲਈ ਹੀ ਕਰਦੇ ਹਨ। ਲੋਕਾਂ ਦੀਆਂ ਲੋੜਾਂ, ਹੱਕਾਂ ਅਤੇ ਮਸਲਿਆਂ ਨਾਲ ਉਨ੍ਹਾਂ ਦਾ ਕੋਈ ਮਤਲਬ ਨਹੀਂ।

ਇਨ੍ਹਾਂ ਪੰਜ ਸੂਬਿਆਂ ਦੀਆਂ ਚੋਣਾਂ ਵਿਚ ਭਾਵੇ ਕਿਸੇ ਦੀ ਵੀ ਜਿੱਤ ਹੋਵੇ, ਲੋਕਾਂ ਦਾ ਕੁਝ ਨਹੀਂ ਬਣਨਾ। ਲੋਕ ਇਸ ਲਈ ਨਵੀਂ ਉਸਾਰੀ ਅਤੇ ਸਿਆਸੀ ਪ੍ਰਣਾਲੀ ਬਾਰੇ ਬਹਿਸ ਅਤੇ ਵਿਚਾਰ ਵਟਾਂਦਰੇ ਕਰ ਰਹੇ ਹਨ। ਇਸ ਸਿਸਟਮ ਵਿਚ ਉਨ੍ਹਾਂ ਦਾ ਇਤਬਾਰ ਖ਼ਤਮ ਹੋ ਚੁੱਕਾ ਹੈ ਅਤੇ ਉਹ ਨਵੇਂ ਰਾਹ ਲੱਭਣ ਦੀ ਤਾਂਘ ਵਿਚ ਹਨ।